# ਪੰਜਾਬ ਸਕੂਲ ਸਿੱਖਿਆ ਬੋਰਡ

ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਰਾਜ ਦੇ ਸਮੂਹ ਸਕੂਲ ਮੁੱਖੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੈਸ਼ਨ 2020-21 ਲਈ ਨੌਵੀਂ/ਗਿਆਰਵੀਂ ਸ਼੍ਰੇਣੀ ਵਿੱਚ ਵਿਦਿਆਰਥੀਆਂ ਦੇ ਵੇਰਵਿਆਂ ਵਿੱਚ ਆਨ-ਲਾਈਨ ਐਂਟਰੀ ਕਰਦੇ ਸਮੇਂ ਜੇਕਰ ਤਰੁੱਟੀ ਹੋ ਗਈ ਹੈ, ਤਾਂ ਸਕੂਲ ਮੁੱਖੀ ਮਿਤੀ 31-03-2021 ਤੱਕ ਸੋਧ ਪ੍ਰੋਫਾਰਮਾ ਜਨਰੇਟ ਕਰਕੇ ਮਿਤੀ 07-04-2021 ਤੱਕ 200/- ਰੁ: ਪ੍ਰਤੀ ਗਲਤੀ ਸੋਧ ਫੀਸ ਨਾਲ ਸੋਧਾਂ ਸਬੰਧਤ ਜਿਲ੍ਹਾਂ ਖੇਤਰੀ ਦਫਤਰਾਂ ਵਿਖੇ ਵੈਰੀਫਾਈ ਕਰਵਾ ਸਕਦੇ ਹਨ। ਜਿੰਨਾਂ ਸਕੂਲਾਂ ਨੇ 31-01-2021 ਤੱਕ ਸੋਧ ਪ੍ਰੋਫਾਰਮਾਂ ਜਨਰੇਟ ਕਰ ਲਿਆ ਸੀ ਪ੍ਰੰਤੂ ਵੈਰੀਫਾਈ ਨਹੀ ਕਰ ਸਕੇ, ਉਹ ਸਕੂਲ ਆਪਣੇ ਸਕੂਲ ਦੇ ਵਿਦਿਆਰਥੀਆਂ ਦੀ ਸੋਧ ਬਿਨ੍ਹਾਂ ਫੀਸ ਦੇ ਜਿਲ੍ਹਾਂ ਖੇਤਰੀ ਦਫਤਰਾਂ ਵਿਖੇ ਵੈਰੀਫਾਈ ਕਰਵਾ ਸਕਦੇ ਹਨ। ਸੋਧਾਂ ਵੈਰੀਫਾਈ ਕਰਵਾਉਣ ਲਈ ਲੋੜੀਂਦੇ ਦਸਤਾਵੇਜ ਹੇਠ ਲਿਖੇ ਅਨੁਸਾਰ ਹਨ :-

- ਵਿਦਿਆਰਥੀਆਂ ਦੇ ਵੇਰਵਿਆਂ ਦੀ ਸੋਧ ਬਾਰੇ ਸਕੂਲ ਮੁੱਖੀ ਵੱਲੋਂ ਲੈਟਰ ਪੈਡ ਤੇ ਲਿਖਤੀ ਰੂਪ ਵਿੱਚ, ਦਾਖਲਾ ਖਾਰਜ ਰਜਿਸਟਰ ਦੀ ਤਸਦੀਕਸ਼ੁਦਾ ਕਾਪੀ ਅਤੇ ਜਨਮ ਮਿਤੀ ਦੀ ਸੋਧ ਲਈ ਜਨਮ ਸਰਟੀਫਿਕੇਟ ਦੀ ਤਸਦੀਕਸ਼ੁਦਾ ਕਾਪੀ ਸੋਧ ਪ੍ਰਫਾਰਮੇ ਦੇ ਨਾਲ ਜਿਲ੍ਹਾ ਮੈਨੇਜਰ ਵੱਲੋਂ ਚੈੱਕ ਕਰਨ ਉਪਰੰਤ ਆਨ-ਲਾਈਨ ਵੈਰੀਫਾਈ ਕੀਤੀਆਂ ਜਾਣਗੀਆਂ।
- ਗਿਆਰਵੀਂ ਸ਼੍ਰੇਣੀ ਦੀ ਸੋਧ ਲਈ ਦਸਵੀਂ ਸ਼੍ਰੇਣੀ ਪਾਸ ਸਰਟੀਫਿਕੇਟ ਅਤੇ ਦਾਖਲਾ ਖਾਰਜ ਰਜਿਸਟਰ ਦੀ ਤਸਦੀਕਸ਼ੁਦਾ ਕਾਪੀ ਸੋਧ ਪ੍ਰੋਫਾਰਮੇ ਨਾਲ ਨੱਥੀ ਕਰਨ ਉਪਰੰਤ ਹੀ ਸੋਧ ਕੀਤੀ ਜਾਵੇ।
- ਦਸਵੀਂ ਸ਼੍ਰੇਣੀ ਰੈਗੂਲਰ ਜਾਂ ਓਪਨ ਸਕੂਲ ਰਾਹੀਂ ਪਾਸ ਕੀਤੇ ਵਿਦਿਆਰਥੀ ਦੇ ਰਜਿਸਟਰੇਸ਼ਨ ਨੰਬਰ ਦੀ ਸੋਧ ਲਈ ਹੇਠਲੀ ਸ਼੍ਰੇਣੀ ਦੀ ਰਜਿਸਟਰੇਸ਼ਨ ਨੰਬਰ ਦੀ ਕਾਪੀ ( ਜਿਸ ਵਿੱਚ ਵਿਦਿਆਰਥੀ ਨੂੰ ਪਹਿਲੀ ਵਾਰ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਰਜਿਸਟਰੇਸ਼ਨ ਨੰਬਰ ਜਾਰੀ ਹੋਇਆ ਹੋਵੇ ) ਚੈੱਕ ਕਰਨ ਉਪਰੰਤ ਹੀ ਸੋਧ ਕੀਤੀ ਜਾਵੇ।

ਕੰਟਰੋਲਰ (ਪ੍ਰੀਖਿਆਵਾਂ)